SOUTHWESTERN Public Health
Oxford • Elgin • St.Thomas

**St. Thomas Site**
1230 Talbot Street
St. Thomas N5P 1G9
519-631-9900

**Woodstock Site**
410 Buller Street
Woodstock N4S 4N2
519-421-9901

**1-800-922-0096 | www.swpublichealth.ca**



# ਆਪਰੇਟਰਾਂ ਲਈ ਮਾਰਗ-ਦਰਸ਼ਨ: ਟੈਟੂ ਬਣਾਉਣਾ ਅਤੇ ਮਾਈਕ੍ਰੋਪਿਗਮੈਂਟੇਸ਼ਨ

## ਸਿਹਤ ਸਬੰਧੀ ਸ਼ੰਕਾ ਕੀ ਹੈ

ਟੈਟੂ ਬਣਾਉਣ ਅਤੇ ਮਾਈਕ੍ਰੋਪੀਗਮੈਂਟੇਸ਼ਨ ਲਈ ਵਰਤੇ ਜਾਣ ਵਾਲੇ ਸਾਜ਼ੋ-ਸਮਾਨ/ਯੰਤਰ ਹੈਪੇਟਾਈਟਸ ਬੀ, ਹੈਪੇਟਾਈਟਸ ਸੀ ਅਤੇ HIV ਵਰਗੇ ਕੀਟਾਣੂੰਆਂ ਨੂੰ ਲੈ ਕੇ ਜਾਣ ਵਾਲੇ ਖੂਨ ਜਾਂ ਸਰੀਰਕ ਦ੍ਰਵ ਦੇ ਨਾਲ ਦੂਸ਼ਿਤ ਹੋ ਸਕਦੇ ਹਨ। **ਲਾਗ ਦੇ ਸੰਚਾਰ ਦੇ ਵਾਪਰਨ ਲਈ ਤੁਹਾਨੂੰ ਯੰਤਰਾਂ 'ਤੇ ਖੂਨ ਜਾਂ ਸਰੀਰਕ ਦ੍ਰਵ ਨੂੰ ਦੇਖਣ ਦੀ ਲੋੜ ਨਹੀਂ ਹੈ।**

## ਵਿਧਾਨਕ ਲੋੜਾਂ

ਨਿੱਜੀ ਸੇਵਾ ਸੈਟਿੰਗਾਂ (Personal Service Settings - PSS) ਤੋਂ ਲੋੜਿਆ ਜਾਂਦਾ ਹੈ ਕਿ ਉਹ ਓਨਟੈਰੀਓ ਅਧਿਨਿਯਮ 136/18: ਨਿੱਜੀ ਸੇਵਾ ਸੈਟਿੰਗਾਂ ਦੀ ਤਾਮੀਲ ਕਰਦੇ ਹੋਏ ਕਾਰੋਬਾਰ ਚਲਾਉਣ।

ਨਿੱਜੀ ਸੇਵਾ ਸੈਟਿੰਗਾਂ ਦੇ ਆਪਰੇਟਰਾਂ ਅਤੇ ਸਟਾਫ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਕਿ ਉਹ ਪਬਲਿਕ ਹੈਲਥ ਓਨਟੈਰੀਓ ਵੱਲੋਂ ਬਣਾਈ ਨਿੱਜੀ ਸੇਵਾ ਸੈਟਿੰਗਾਂ ਵਿੱਚ ਲਾਗ ਦੀ ਰੋਕਥਾਮ ਅਤੇ ਕੰਟਰੋਲ ਲਈ ਗਾਈਡ ਦੀ ਸਮੀਖਿਆ ਕਰਨ ਤਾਂ ਜੋ PSS ਵਿੱਚ ਲਾਗਾਂ ਦੀ ਰੋਕਥਾਮ ਅਤੇ ਇਹਨਾਂ ਨੂੰ ਕੰਟਰੋਲ ਕਰਨ ਵਾਲੀਆਂ ਪ੍ਰਥਾਵਾਂ ਬਾਰੇ ਹੋਰ ਜਾਣਿਆ ਜਾ ਸਕੇ ਜੋ ਲਾਗਾਂ ਫੈਲਣ ਦੇ ਜੋਖ਼ਮ ਨੂੰ ਘੱਟ ਕਰਦੀਆਂ ਹਨ।

## ਸੂਚਿਤ ਰਜ਼ਾਮੰਦੀ

ਆਪਰੇਟਰਾਂ ਨੂੰ ਗਾਹਕਾਂ ਨੂੰ ਲਾਜ਼ਮੀ ਤੌਰ 'ਤੇ ਪ੍ਰਕਿਰਿਆ ਦੀ ਵਿਆਖਿਆ ਅਤੇ ਪ੍ਰਕਿਰਿਆ ਨਾਲ ਜੁੜੇ ਕਿਸੇ ਵੀ ਜੋਖ਼ਮਾਂ ਬਾਰੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ। ਸੇਵਾ ਪ੍ਰਦਾਨਕ ਨੂੰ ਇਹ ਦਸਤਾਵੇਜ਼ਬੱਧ ਕਰਨ ਲਈ ਇੱਕ ਰਿਕਾਰਡ ਰੱਖਣਾ ਚਾਹੀਦਾ ਹੈ ਕਿ ਜਾਣਕਾਰੀ ਪ੍ਰਦਾਨ ਕੀਤੀ ਗਈ ਸੀ।

## ਆਪਰੇਟਰ ਦੀ ਸਿਹਤ ਅਤੇ ਸੁਰੱਖਿਆ

- ਸੇਵਾ ਦੌਰਾਨ ਦਸਤਾਨੇ ਪਹਿਨੋ।
- ਦਸਤਾਨੇ ਪਾਉਣ ਤੋਂ ਪਹਿਲਾਂ ਅਤੇ ਉਤਾਰਨ ਤੋਂ ਬਾਅਦ ਹੱਥ ਧੋਵੋ।
- ਸੇਵਾ ਦੌਰਾਨ ਖਾਣਾ, ਪੀਣਾ ਜਾਂ ਤੰਬਾਕੂਨੋਸ਼ੀ ਨਾ ਕਰੋ।
- ਚੰਗੀ ਨਿੱਜੀ ਸਫਾਈ ਦਾ ਅਭਿਆਸ ਕਰੋ।
- SWPH ਸਿਫ਼ਾਰਸ਼ ਕਰਦਾ ਹੈ ਕਿ ਸਾਰੇ ਆਪਰੇਟਰਾਂ ਨੂੰ ਹੈਪੇਟਾਈਟਸ ਬੀ ਦੇ ਖਿਲਾਫ ਵੈਕਸੀਨਾਂ ਲਗਾਈਆਂ ਜਾਣ।

## ਚਮੜੀ ਦੀ ਤਿਆਰੀ

- ਉਹਨਾਂ ਗ੍ਰਾਹਕਾਂ ਨੂੰ ਸੇਵਾ ਪ੍ਰਦਾਨ ਨਾ ਕਰੋ ਜਿਨ੍ਹਾਂ ਦੀ ਚਮੜੀ 'ਤੇ ਕੰਮ ਕੀਤੇ ਜਾ ਰਹੇ ਖੇਤਰ ਦੇ 6 ਇੰਚ ਦੇ ਅੰਦਰ ਕੱਟ, ਜ਼ਖ਼ਮ, ਧੱਫੜ ਜਾਂ ਦਿਖਾਈ ਦੇਣ ਵਾਲੀਆਂ ਚਮੜੀ ਦੀਆਂ ਲਾਗਾਂ ਹਨ।
- ਜੇ ਵਾਲ਼ਾਂ ਨੂੰ ਹਟਾਉਣ ਦੀ ਲੋੜ ਹੈ, ਤਾਂ ਇੱਕ ਵਾਰ-ਵਰਤੇ ਜਾਣ ਵਾਲੇ ਡਿਸਪੋਸੇਬਲ ਰੇਜ਼ਰ ਦੀ ਵਰਤੋਂ ਕੀਤੀ ਜਾਵੇ।
- ਪ੍ਰਕਿਰਿਆ ਤੋਂ ਪਹਿਲਾਂ, ਚਮੜੀ 'ਤੇ ਐਂਟੀਸੈਪਟਿਕ ਲਗਾਓ। ਜੇਕਰ ਖੇਤਰ ਗੰਦਾ ਦਿਖਾਈ ਦਿੰਦਾ ਹੈ ਤਾਂ ਪਹਿਲਾਂ ਉਸ ਨੂੰ ਸਾਫ਼ ਕਰਨ ਲਈ ਸਾਬਣ ਅਤੇ ਪਾਣੀ ਦੀ ਵਰਤੋਂ ਕਰੋ। ਚਮੜੀ ਵਾਸਤੇ ਐਂਟੀਸੈਪਟਿਕ ਵਿੱਚ ਨਿਮਨਲਿਖਤ ਸ਼ਾਮਲ ਹਨ ਪਰ ਸੂਚੀ ਏਥੋਂ ਤੱਕ ਸੀਮਤ ਨਹੀਂ ਹੈ,

- ਪੋਵੀਡੋਨ-ਆਇਓਡੀਨ ਦਾ ਘੋਲ
    - ਆਈਸੋਪ੍ਰੋਪਾਈਲ ਅਲਕੋਹਲ (50 - 91%)
    - ਈਥਾਈਲ ਅਲਕੋਹਲ (60 - 95%)
- ਜੇਕਰ ਲਾਗੂ ਹੁੰਦਾ ਹੈ, ਤਾਂ ਚਮੜੀ ਦੀ ਐਂਟੀਸੈਪਟਿਕ ਲਗਾਉਣ ਤੋਂ ਬਾਅਦ ਇੱਕ ਸਥਾਨਕੀ ਸਤਹ ਸੁੰਨ ਕਰਨ ਵਾਲੀ ਦਵਾਈ ਦੀ ਵਰਤੋਂ ਕੀਤੀ ਜਾ ਸਕਦੀ ਹੈ।
- ਜੇ ਕਿਸੇ ਸਟੈਨਸਿਲ ਦੀ ਲੋੜ ਪੈਂਦੀ ਹੈ, ਤਾਂ ਸਿਰਫ਼ ਸਟੈਨਸਿਲ-ਟ੍ਰਾਂਸਫਰ ਹੱਲ ਹੀ ਵਰਤੇ ਜਾਣ। ਡੀਓਡੋਰੈਂਟ ਸਟਿੱਕਾਂ ਦੀ ਵਰਤੋਂ ਤੋਂ ਪਰਹੇਜ਼ ਕਰੋ, ਕਿਉਂਕਿ ਉਹਨਾਂ ਨੂੰ ਗਾਹਕਾਂ ਵਿਚਕਾਰ ਦੁਬਾਰਾ ਨਹੀਂ ਵਰਤਿਆ ਜਾਣਾ ਚਾਹੀਦਾ ਹੈ।

## ਇਲਾਜ ਤੋਂ ਬਾਅਦ ਚਮੜੀ ਦੀ ਦੇਖਭਾਲ

- ਟੈਟੂਆਂ ਨੂੰ ਜ਼ਖ਼ਮਾਂ ਨੂੰ ਢਕਣ ਲਈ ਬਣਾਈ ਗਈ ਵਿਅਕਤੀਗਤ ਤੌਰ 'ਤੇ ਪੈਕ ਕੀਤੀ ਡਰੈਸਿੰਗ ਜਾਂ ਪੱਟੀ ਨਾਲ ਢਕੋ। ਉਦਾਹਰਨ ਲਈ, ਹਾਈਪੋਅਲਰਜੈਨਿਕ ਟੇਪ ਨਾਲ ਸੁਰੱਖਿਅਤ ਕੀਤਾ ਕੀਟਾਣੂੰਮੁਕਤ ਗਾਊਜ਼, ਜਾਂ ਇੱਕ ਸਾਫ਼ ਰੋਲ ਜਾਂ ਵਿਅਕਤੀਗਤ ਪੈਕੇਜ ਵਿੱਚ ਪ੍ਰਦਾਨ ਕੀਤੀ ਗਈ ਇੱਕ ਸਾਫ਼ ਪੱਟੀ ਜੋ ਜਖ਼ਮ ਦੀ ਦੇਖਭਾਲ ਜਾਂ ਟੈਟੂ ਦੀ ਬਾਅਦ ਦੀ ਦੇਖਭਾਲ ਦੇ ਵਾਸਤੇ ਤਿਆਰ ਕੀਤੇ ਗਏ ਹੋਣ।
    - ਅਜਿਹੀਆਂ ਪੱਟੀਆਂ ਦੀ ਵਰਤੋਂ ਨਾ ਕਰੋ ਜੋ ਚਮੜੀ ਵਾਸਤੇ ਨਹੀਂ ਹਨ ਜਿਵੇਂ ਕਿ ਮੀਟ ਪੈਡ।
- ਗਾਹਕਾਂ ਨੂੰ ਜ਼ੁਬਾਨੀ ਅਤੇ ਲਿਖਤੀ ਤੌਰ 'ਤੇ ਬਾਅਦ ਦੀ ਦੇਖਭਾਲ ਵਾਸਤੇ ਹਿਦਾਇਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਜਿਸ ਵਿੱਚ ਇਹ ਸ਼ਾਮਲ ਹੋਣੇ ਚਾਹੀਦੇ ਹਨ:
    - ਸਾਈਟ ਨੂੰ ਛੂਹਣ ਤੋਂ ਪਹਿਲਾਂ ਹੱਥ ਸਾਫ਼ ਕਰੋ;
    - ਸੰਸ਼ੋਧਿਤ ਖੇਤਰ ਨੂੰ, ਜਿੱਥੇ ਲਾਗੂ ਹੁੰਦਾ ਹੋਵੇ, ਜ਼ਖ਼ਮਾਂ ਨੂੰ ਢਕਣ ਲਈ ਇੱਕ ਵਾਰ ਵਰਤੀ ਜਾਣ ਵਾਲੀ ਪੱਟੀ ਨਾਲ ਢਕੋ;
    - ਸਾਈਟ ਦੇ ਠੀਕ ਹੋਣ ਦਾ ਅਨੁਮਾਨਿਤ ਸਮਾਂ;
    - ਸੰਭਾਵੀ ਪੇਚੀਦਗੀਆਂ ਅਤੇ ਉਹਨਾਂ ਦੇ ਚਿੰਨ੍ਹਾਂ ਅਤੇ ਲੱਛਣਾਂ ਦਾ ਵੇਰਵਾ;
    - ਇਸ ਬਾਬਤ ਸਲਾਹ ਕਿ ਹਲਕੀ ਲਾਲੀ, ਦਰਦ, ਜਾਂ ਸੋਜ ਨਾਲ ਕਿਵੇਂ ਨਜਿੱਠਣਾ ਹੈ; ਅਤੇ
    - ਜੇਕਰ ਪ੍ਰਕਿਰਿਆ ਦੇ ਬਾਅਦ ਲਾਗ ਦੇ ਕੋਈ ਸੰਕੇਤ ਵਿਕਸਿਤ ਹੁੰਦੇ ਹਨ ਤਾਂ 24 ਘੰਟਿਆਂ ਦੇ ਅੰਦਰ ਕਿਸੇ ਸਿਹਤ ਸੰਭਾਲ ਪ੍ਰਦਾਨਕ ਨਾਲ ਸਲਾਹ ਕਰਨ ਦੀ ਸਿਫ਼ਾਰਸ਼।

## ਯੰਤਰ ਅਤੇ ਸਾਜ਼ੋ-ਸਮਾਨ

- ਸਾਰੀਆਂ ਸਤਹਾਂ ਅਤੇ ਸਾਜ਼ੋ-ਸਮਾਨ ਜਿਨ੍ਹਾਂ ਦਾ ਸਰਵਿਸ ਦੌਰਾਨ ਰੱਖ-ਰਖਾਓ ਕੀਤਾ ਜਾਂਦਾ ਹੈ ਜਾਂ ਸਾਜ਼ੋ-ਸਮਾਨ ਜਿਸ ਨੂੰ ਸਰਵਿਸ ਤੋਂ ਬਾਅਦ ਅਸਰਦਾਰ ਤਰੀਕੇ ਨਾਲ ਕੀਟਾਣੂੰ-ਮੁਕਤ ਨਹੀਂ ਕੀਤਾ ਜਾ ਸਕਦਾ ਉਸ ਨੂੰ ਇਕਹਰੀ ਵਰਤੋਂ ਵਾਲੇ ਪਲਾਸਟਿਕ ਕਵਰਿੰਗ (ਜਿਵੇਂ ਪਲਾਸਟਿਕ ਆਸਤੀਨਾਂ ਜਾਂ ਪਲਾਸਟਿਕ ਰੈਪ) ਨਾਲ ਢੱਕਿਆ ਜਾਣਾ ਚਾਹੀਦਾ ਹੈ। ਉਦਾਹਰਨਾਂ ਵਿੱਚ ਸ਼ਾਮਲ ਹਨ: ਕਲਿਪ ਕੋਰਡ, ਮੋਟਰ ਫਰੇਮ, ਟੈਟੂ ਬੈਂਡ, ਟੈਟੂ ਮਸ਼ੀਨ, ਰੱਸੀਆਂ, ਸਪਰੇਅ ਬੋਤਲਾਂ, ਲਾਈਟਾਂ ਆਦਿ।
- ਸਾਰੇ ਕੀਟਾਣੂੰ-ਮੁਕਤ ਯੰਤਰ ਲਾਜ਼ਮੀ ਤੌਰ 'ਤੇ ਉਹਨਾਂ ਦੇ ਕੀਟਾਣੂੰ-ਮੁਕਤ ਪੈਕੇਜ ਵਿੱਚ ਰਹਿਣੇ ਚਾਹੀਦੇ ਹਨ ਜਦੋਂ ਤੱਕ ਉਹ ਵਰਤਣ ਲਈ ਤਿਆਰ ਨਹੀਂ ਹੁੰਦੇ।
- ਕੀਟਾਣੂੰਮੁਕਤ ਵਸਤੂਆਂ ਦੀ ਵਰਤੋਂ ਉਹਨਾਂ ਦੀ ਮਿਆਦ ਪੁੱਗਣ ਦੀ ਮਿਤੀ ਤੋਂ ਪਹਿਲਾਂ ਕੀਤੀ ਜਾਣੀ ਲਾਜ਼ਮੀ ਹੈ। ਕੋਈ ਵੀ ਵਸਤੂਆਂ ਜਿਨ੍ਹਾਂ ਦੀ ਮਿਆਦ ਪੁੱਗਣ ਦੀ ਮਿਤੀ ਪਾਰ ਹੋ ਗਈ ਹੈ, ਉਹਨਾਂ ਨੂੰ ਸੁੱਟ ਕੀਤਾ ਜਾਣਾ ਚਾਹੀਦਾ ਹੈ (ਇੱਕ ਵਾਰ ਵਰਤੋਂ) ਜਾਂ ਮੁੜ ਪ੍ਰਕਿਰਿਆ ਕੀਤੀ ਜਾਣੀ ਚਾਹੀਦੀ ਹੈ (ਮੁੜ-ਵਰਤਣਯੋਗ ਚੀਜ਼ਾਂ)।

## ਸਾਫ਼-ਸਫ਼ਾਈ ਕਰਨਾ, ਕੀਟਾਣੂੰ ਮੁਕਤ ਕਰਨਾ, ਅਤੇ ਸਵੱਛ ਬਣਾਉਣਾ

### ਸਫ਼ਾਈ

- ਸਾਰੇ ਯੰਤਰਾਂ, ਸਾਜ਼ੋ-ਸਮਾਨ ਅਤੇ ਸਤਹਾਂ ਜਿਨ੍ਹਾਂ ਨੂੰ ਸਾਫ਼-ਸਫ਼ਾਈ, ਕੀਟਾਣੂ-ਮੁਕਤ ਕੀਤੇ ਜਾਣ ਜਾਂ ਸਵੱਛ ਬਣਾਏ ਜਾਣ ਦੀ ਲੋੜ ਹੁੰਦੀ ਹੈ, ਨੂੰ ਪਹਿਲਾਂ ਪੂਰੀ ਤਰ੍ਹਾਂ ਵੱਖ ਕੀਤਾ ਜਾਣਾ **ਲਾਜ਼ਮੀ** ਹੈ। ਫਿਰ ਚੀਜ਼ਾਂ ਨੂੰ ਸਾਬਣ ਜਾਂ ਡਿਟਰਜੈਂਟ ਨਾਲ ਗਰਮ ਪਾਣੀ ਵਿੱਚ ਸਾਫ਼ ਕਰਨਾ ਲਾਜ਼ਮੀ ਹੈ।

- ਲਿਨਨ ਨੂੰ ਵਰਤੋਂ ਤੋਂ ਬਾਅਦ ਲਾਜ਼ਮੀ ਤੌਰ 'ਤੇ ਧੋਣਾ ਚਾਹੀਦਾ ਹੈ ਅਤੇ ਲੋੜੀਂਦੀ ਸਪਲਾਈ ਉਪਲਬਧ ਹੋਣੀ ਚਾਹੀਦੀ ਹੈ।
- ਕੰਧਾਂ, ਫਰਸ਼ਾਂ, ਅੰਦਰੂਨੀ ਛੱਤਾਂ ਅਤੇ ਸਤਹਾਂ ਦੀ ਨਿਯਮਤ ਸਫਾਈ ਬਣਾਈ ਰੱਖੀ ਜਾਣੀ ਹੈ।

**ਕੀਟਾਣੂੰ ਮੁਕਤ ਕਰਨਾ ਅਤੇ ਸਵੱਛ ਬਣਾਉਣਾ**

ਸਾਰੇ ਕੀਟਾਣੂਨਾਸ਼ਕ ਰੋਜ਼ਾਨਾ ਜਾਂ ਨਿਰਮਾਤਾ ਦੀਆਂ ਹਿਦਾਇਤਾਂ ਅਨੁਸਾਰ ਤਾਜ਼ੇ ਬਣਾਏ ਜਾਣੇ ਲਾਜ਼ਮੀ ਹਨ। ਸਾਰੇ ਕੀਟਾਣੂਨਾਸ਼ਕਾਂ ਦਾ ਹੈਲਥ ਕੈਨੇਡਾ ਦੁਆਰਾ ਜਾਰੀ ਡਰੱਗ ਪਛਾਣ ਨੰਬਰ (DIN) ਜਾਂ ਕੁਦਰਤੀ ਉਤਪਾਦ ਨੰਬਰ (NPN) ਹੋਣਾ ਲਾਜ਼ਮੀ ਹੈ।

| ਪੱਧਰ | ਵਰਤੋਂ ਕਦੋਂ ਕਰਨੀ ਹੈ | ਉਦਾਹਰਨਾਂ |
|---|---|---|
| ਨਿਮਨ ਪੱਧਰੀ | ਸਾਜ਼ੋ-ਸਮਾਨ ਅਤੇ ਯੰਤਰ ਜਾਂ ਵਸਤੂਆਂ ਜੋ ਗਾਹਕ ਨਾਲ ਸਿੱਧੇ ਤੌਰ 'ਤੇ ਸੰਪਰਕ ਨਹੀਂ ਕਰਦੀਆਂ ਜਾਂ ਸਿਰਫ਼ ਵਾਲਾਂ ਜਾਂ ਸਹੀ-ਸਲਾਮਤ ਚਮੜੀ ਨਾਲ ਸੰਪਰਕ ਕਰਦੀਆਂ ਹਨ। | • ਮੇਜ਼ ਅਤੇ ਕੁਰਸੀਆਂ<br>• ਮੋਟਰ ਫਰੇਮ<br>• ਕਲਿੱਪ-ਕੋਰਡ, ਸੰਪਰਕ ਪੇਚ, ਸਰਵਿਸ ਟ੍ਰੇਆਂ, ਸਪਰੇਅ ਬੋਤਲਾਂ, ਟੈਟੂ ਮਸ਼ੀਨ ਅਤੇ ਕੰਟਰੋਲ, ਅਤੇ ਟਿਊਬ ਕਲੈਂਪ* |
| ਮੱਧਵਰਤੀ ਪੱਧਰ | ਸਾਜ਼-ਸਾਮਾਨ, ਯੰਤਰ, ਜਾਂ ਵਸਤੂਆਂ ਜੋ ਸਿਰਫ਼ ਸਹੀ-ਸਲਾਮਤ ਚਮੜੀ ਨਾਲ ਸੰਪਰਕ ਕਰਨ ਦੇ ਇਰਾਦੇ ਨਾਲ ਬਣਾਈਆਂ ਹੁੰਦੀਆਂ ਹਨ, ਪਰ ਇਹ ਗਲਤੀ ਨਾਲ ਗੈਰ-ਸਹੀ-ਸਲਾਮਤ ਚਮੜੀ ਜਾਂ ਲੇਸਦਾਰ ਝਿੱਲੀ ਦੇ ਸੰਪਰਕ ਵਿੱਚ ਆ ਸਕਦੀਆਂ ਹਨ ਜਾਂ ਚਮੜੀ ਵਿੱਚ ਪ੍ਰਵੇਸ਼ ਕਰ ਸਕਦੀਆਂ ਹਨ। | |
| ਉੱਚ ਪੱਧਰ | ਕੋਈ ਵੀ ਸਤ੍ਹਾ, ਸਾਜ਼ੋ-ਸਮਾਨ ਜਾਂ ਸੰਦ ਜੋ ਖ਼ੂਨ ਦੇ ਸੰਪਰਕ ਵਿੱਚ ਆ ਸਕਦੇ ਹਨ। | |
| ਸਵੱਛਕਰਨ | ਸਾਜ਼ੋ-ਸਮਾਨ ਅਤੇ ਯੰਤਰ ਜਾਂ ਵਸਤੂਆਂ ਜੋ ਚਮੜੀ ਵਿੱਚ ਪ੍ਰਵੇਸ਼ ਕਰਦੀਆਂ ਹਨ ਜਾਂ ਸਵੱਛ ਟਿਸ਼ੂ ਵਿੱਚ ਦਾਖਲ ਹੁੰਦੀਆਂ ਹਨ।<br><br>ਨਾਲ ਹੀ, ਦੂਸ਼ਿਤ ਹੋਣ 'ਤੇ ਪ੍ਰਸਾਰਣ ਦੇ ਉੱਚ ਜੋਖ਼ਮ ਵਾਲੇ ਕੁਝ ਹੋਰ ਸਾਜ਼ੋ-ਸਮਾਨ। | • ਮੁੜ-ਵਰਤਣਯੋਗ ਸਿਆਹੀ ਵਾਲੀ ਕੈਪਾਂ (ਉਦਾਹਰਨ ਲਈ ਧਾਤੂ ਦੀਆਂ ਸਿਆਹੀ ਵਾਲੀਆਂ ਕੈਪਾਂ)<br>• ਟੈਟੂ ਗ੍ਰਿਪ, ਟਿਊਬਾਂ ਅਤੇ ਨੋਕਾਂ |

* ਜੇਕਰ ਵਰਤੋਂ ਦੌਰਾਨ ਇੱਕ ਮਿਆਨ/ਕਵਰ ਨਾਲ ਢਕਿਆ ਹੋਵੇ; ਜੇ ਨਹੀਂ ਤਾਂ ਮੱਧਵਰਤੀ ਪੱਧਰ ਦੇ ਕੀਟਾਣੂੰਨਾਸ਼ਕ ਨਾਲ ਦੁਬਾਰਾ ਪ੍ਰਕਿਰਿਆ ਵਿੱਚੋਂ ਗੁਜ਼ਾਰੋ, ਜਦੋਂ ਤੱਕ ਕਿ ਇਸਨੂੰ ਹਰ ਵਰਤੋਂ ਦੇ ਵਿਚਕਾਰ ਆਸਾਨੀ ਨਾਲ ਜਾਂ ਢੁਕਵੇਂ ਰੂਪ ਵਿੱਚ ਸਾਫ਼ ਅਤੇ ਕੀਟਾਣੂੰ-ਮੁਕਤ ਕੀਤਾ ਜਾ ਸਕਦਾ ਹੈ।

ਪ੍ਰਵਾਨਿਤ ਕੀਟਾਣੂਨਾਸ਼ਕਾਂ ਅਤੇ ਸੰਪਰਕ ਸਮੇਂ ਬਾਰੇ ਜਾਣਕਾਰੀ ਲਈ **ਕੀਟਾਣੂੰਨਾਸ਼ਕਤਾ ਚਾਰਟ** ਦੇਖੋ।
**ਆਪਰੇਟਰਾਂ ਲਈ ਸਵੱਛਤਾ** ਤੱਥ ਸ਼ੀਟ ਦੇਖੋ।

## ਰਹਿੰਦ-ਖੂੰਹਦ ਦਾ ਨਿਪਟਾਰਾ

- ਬਚੀ ਹੋਈ ਪੈਟਰੋਲੀਅਮ ਜੈਲੀ, ਲੋਸ਼ਨ ਜਾਂ ਲੁਬਰੀਕੇਟ ਕਰਨ ਵਾਲੀਆਂ ਜੈੱਲਾਂ ਨੂੰ ਸੁੱਟ ਦਿਓ।
- ਸਰਵਿਸ ਦੇ ਬਾਅਦ ਸਾਰੇ ਪਲਾਸਟਿਕ ਦੇ ਢੱਕਣਾਂ ਨੂੰ ਹਟਾਓ ਅਤੇ ਸੁੱਟ ਦਿਓ।
- ਵਰਤੋਂ ਤੋਂ ਬਾਅਦ ਇੱਕ ਵਾਰ ਵਰਤੇ ਜਾਣ ਵਾਲੇ ਔਜ਼ਾਰ/ਸਾਜ਼ੋ-ਸਾਮਾਨ ਨੂੰ ਬਾਹਰ ਸੁੱਟ ਦਿਓ।
- ਇੱਕ ਪ੍ਰਵਾਨਿਤ ਤਿੱਖੀਆਂ ਚੀਜ਼ਾਂ ਦੇ ਕੰਟੇਨਰ ਵਿੱਚ ਇੱਕ ਵਾਰ ਵਰਤੋਂ ਵਾਲੀਆਂ ਤਿੱਖੀਆਂ ਚੀਜ਼ਾਂ ਨੂੰ ਸੁੱਟ ਦਿਓ।
- ਖ਼ੂਨ ਅਤੇ/ਜਾਂ ਸਰੀਰਕ ਦ੍ਰਵਾਂ ਵਾਲੇ ਰਹਿੰਦ-ਖੂੰਹਦ ਨੂੰ ਲੀਕ-ਪਰੂਫ ਬੈਗ ਵਿੱਚ ਪਾਕੇ ਸੁੱਟ ਦਿਓ।
- ਇੱਕ ਵਾਰ ਵਰਤੇ ਜਾਣ ਵਾਲੀਆਂ ਤਿੱਖੀਆਂ ਚੀਜ਼ਾਂ ਨੂੰ ਇੱਕ ਮਨਜ਼ੂਰਸ਼ੁਦਾ, ਤਿੱਖੀਆਂ ਚੀਜ਼ਾਂ ਦੇ ਕੰਟੇਨਰ ਵਿੱਚ ਸੁੱਟਿਆ ਜਾਣਾ ਚਾਹੀਦਾ ਹੈ ਜੋ ਕੈਨੇਡੀਅਨ ਸਟੈਂਡਰਡਜ਼ ਐਸੋਸੀਏਸ਼ਨ ਦੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ।
- ਤਿੱਖੀਆਂ ਚੀਜ਼ਾਂ ਦੇ ਕੰਟੇਨਰਾਂ ਨੂੰ ਸੀਲ ਕੀਤਾ ਅਤੇ ਬਦਲਿਆ ਜਾਣਾ ਚਾਹੀਦਾ ਹੈ ਜਦੋਂ ਸਮੱਗਰੀ ਕੰਟੇਨਰ 'ਤੇ ਨਿਸ਼ਾਨਦੇਹੀ ਕੀਤੀ ਭਰਨ ਦੀ ਲਾਈਨ ਤੱਕ ਪਹੁੰਚ ਜਾਂਦੀ ਹੈ ਜਾਂ ਜਦੋਂ ਇਹ ਤਿੰਨ-ਚੌਥਾਈ ਭਰ ਜਾਂਦਾ ਹੈ।

## ਰਿਕਾਰਡ ਰੱਖਣਾ

### ਗਾਹਕਾਂ ਦੇ ਰਿਕਾਰਡ

- ਨਿੱਜੀ ਸੇਵਾ ਪ੍ਰਦਾਨ ਕਰਨ ਤੋਂ ਪਹਿਲਾਂ, PSS ਆਪਰੇਟਰ ਜਾਂ ਵਿਅਕਤੀ ਜੋ ਨਿੱਜੀ ਸੇਵਾ ਪ੍ਰਦਾਨ ਕਰੇਗਾ, ਨੂੰ ਹੇਠ ਲਿਖੀ ਜਾਣਕਾਰੀ ਪ੍ਰਾਪਤ ਕਰਨੀ ਅਤੇ ਰਿਕਾਰਡ ਕਰਨੀ ਲਾਜ਼ਮੀ ਹੈ:
    - ਗਾਹਕ ਦਾ ਨਾਮ ਅਤੇ ਸੰਪਰਕ ਜਾਣਕਾਰੀ
    - ਸੇਵਾ ਪ੍ਰਦਾਨਕ ਦਾ ਨਾਮ
    - ਰਿਕਾਰਡ ਕਰੋ ਕਿ ਗਾਹਕ ਨੇ ਕਿਹੜੀ ਸੇਵਾ ਪ੍ਰਾਪਤ ਕੀਤੀ ਹੈ
    - ਰਿਕਾਰਡ ਕਰੋ ਕਿ ਗਾਹਕ ਨੂੰ ਪ੍ਰਕਿਰਿਆ ਅਤੇ ਜੋਖ਼ਮਾਂ ਦੀ ਵਿਆਖਿਆ ਪ੍ਰਦਾਨ ਕੀਤੀ ਗਈ ਸੀ
    - ਪ੍ਰਕਿਰਿਆ ਦੀਆਂ ਤਾਰੀਖਾਂ
    - ਪੂਰਵ-ਪੈਕ ਕੀਤੇ ਸਵੱਛ ਸਾਜ਼ੋ-ਸਮਾਨ ਦੇ ਲਾਟ ਨੰਬਰ ਅਤੇ ਮਿਆਦ ਪੁੱਗਣ ਦੀ ਮਿਤੀ

### ਚਾਣਚੱਕ ਖ਼ੂਨ ਜਾਂ ਸਰੀਰਕ ਦ੍ਰਵ ਦੇ ਸੰਪਰਕ ਵਿੱਚ ਆਉਣਾ

- PSS ਨੂੰ ਸਾਰੇ ਚਾਣਚੱਕ ਵਾਪਰੇ ਖ਼ੂਨ ਜਾਂ ਸਰੀਰਕ ਦ੍ਰਵ ਨਾਲ ਸੰਪਰਕਾਂ ਨੂੰ ਰਿਕਾਰਡ ਕਰਨ ਦੀ ਲੋੜ ਹੁੰਦੀ ਹੈ। ਰਿਕਾਰਡਾਂ ਵਿੱਚ ਲਾਜ਼ਮੀ ਤੌਰ ’ਤੇ **ਚਾਣਚੱਕ ਖ਼ੂਨ ਦੇ ਸੰਪਰਕ ਵਿੱਚ ਆਉਣ ਦੇ ਲੋਗ (Accidental Blood Exposure Log)** ਵਿੱਚ ਦੱਸੀ ਗਈ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ।

### ਰਿਕਾਰਡ ਸਾਂਭਕੇ ਰੱਖਣਾ

- ਰਿਕਾਰਡਾਂ ਨੂੰ ਲਾਜ਼ਮੀ ਤੌਰ ’ਤੇ ਇੱਕ ਸਾਲ ਲਈ ਸਾਈਟ ’ਤੇ ਰੱਖਿਆ ਜਾਣਾ ਚਾਹੀਦਾ ਹੈ। ਪਹਿਲੇ ਸਾਲ ਤੋਂ ਬਾਅਦ, ਰਿਕਾਰਡਾਂ ਨੂੰ ਲਾਜ਼ਮੀ ਤੌਰ ’ਤੇ ਸਾਂਭਕੇ ਰੱਖਣਾ ਚਾਹੀਦਾ ਹੈ ਅਤੇ ਘੱਟੋ-ਘੱਟ ਦੋ ਸਾਲਾਂ ਲਈ ਸੁਰੱਖਿਅਤ ਥਾਂ 'ਤੇ ਆਸਾਨੀ ਨਾਲ ਉਪਲਬਧ ਹੋਣਾ ਚਾਹੀਦਾ ਹੈ।

## ਕੋਈ ਸਵਾਲ?

ਜੇ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਆਪਣੇ ਇਲਾਕੇ ਦੇ ਪਬਲਿਕ ਹੈਲਥ ਇੰਸਪੈਕਟਰ ਨਾਲ 1-800-922-0096 ’ਤੇ ਸੰਪਰਕ ਕਰੋ।